# ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਗਾਇਕ ਜੱਸੀ ਧੰਜਲ

ਜ਼ਿਲ੍ਹਾ ਨਵਾਂਸ਼ਹਿਰ ਵਿਚ ਪੈਂਦਾ ਬਲਾਚੌਰ ਦੇ ਕੋਲ ਪਿੰਡ ਚਨਿਆਣੀ ਦਾਜੰਮਪਲਹੀਰੇ ਵਰਗਾ ਗਾਇਕ ਜੱਸੀ, ਜਿਸਨੇ ਭਾਰਤ ਰਹਿੰਦਿਆਂ ਪੰਜਾਬੀ ਗਾਇਕੀ ਵਿਚ ਪੂਰੀ ਤਰ੍ਹਾਂ ਬੁਲੰਦੀਆਂ ਨੂੰ ਛੂਹਿਆ ਪਰ ਨਾ ਤਾਂ ਉਸ ਦਾ ਜ਼ਰੂਰ ਬਣ ਗਿਆ ਪਰ ਘਰ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਂਉਣਾ ਵੀ ਜ਼ਰੂਰੀ ਸੀ। ਇਸ ਸਮੇਂ ਉਹ ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿਖੇ ਰਹਿ ਰਿਹਾ ਹੈ। ਇਥੇ ਰਹਿੰਦਿਆਂ ਉਹ ਪੂਰੀ ਤਰ੍ਹਾਂ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਹੈ। ਸਾਡੇ ਕਹਿਣ ਦਾ ਭਾਵ ਹੈ ਕਿ ਉਹ ਗਾਇਕੀ ਨੂੰ ਉਸੇ ਤਰ੍ਹਾਂ ਲੈ ਰਿਹਾ ਹੈ ਜਿਸ ਤਰ੍ਹਾਂ ਉਹ ਪੰਜਾਬ ਰਹਿੰਦਿਆਂ ਗੰਭੀਰਤਾ ਨਾਲ ਲਿਆ ਕਰਦਾ ਸੀ। ਪੰਜਾਬੀ ਗਾਇਕੀ ਵਿਚ ਪੈਰ ਧਰਦਿਆਂ 1991 ਵਿਚ ਉਸ ਦੀ ਪਹਿਲੀ ਕੈਸੇਟ 'ਸੋਹਣਿਆਂ ਦਾ ਵਿਆਹ' ਜੋ ਪੈਰੀਟੋਨ ਕੰਪਨੀ ਦੀ ਪੇਸ਼ਕਸ਼ ਸੀ। ਫਿਰ ਉਸ ਦੀ ਟੇਪ ਆਈ 'ਕੁੜੀ ਆਈ ਇੰਗਲੈਂਡੋਂ'। 1995-96 ਵਿਚ ਉਸ ਦੀ ਟੇਪ ਤੇਰੇ ਵਿਆਹ ਦੇ ਲੱਡੂ ਜਿਸ ਨਾਲ ਉਸ ਦੀ ਚਾਰੇ ਪਾਸੇ ਚਰਚਾ ਹੋ ਗਈ। ਵਿਆਹ ਦੇ ਲੱਡੂ ਵਾਲਾ ਗੀਤ ਦੂਰਦਰਸ਼ਨ ਜਲੰਧਰ ਤੋਂ ਵੀ ਬਹੁਤ ਆਇਆ। ਇਸ ਟੇਪ ਤੋਂ ਬਾਅਦ ਉਸ ਦੀਆਂ ਧਾਰਮਿਕ ਕੈਸਟਾਂ ਵੀ ਮਾਰਕੀਟ ਵਿਚ ਆਈਆਂ। ਜਿਸ ਨਾਲ ਉਸ ਨੇ ਵਧੀਆ ਨਾਮ ਬਣਾਇਆ। ਜਿਸ ਤਰ੍ਹਾਂ ਉਸ ਦੀਆਂ ਧਾਰਮਿਕ ਕੈਸੇਟਾਂ ਦੇ ਨਾਮ ਲਏ ਜਾ ਸਕਦੇ ਹਨ। ਫਤਿਹ ਸਿੰਘ ਦੀ ਸੇਵਾ ਲੰਗਰ ਦੀ, ਜੈ ਜੈ ਕਾਰ ਖਾਲਸੇ ਦੀ, ਇਨ੍ਹਾਂ ਧਾਰਮਿਕ ਟੇਪਾਂਨਾਲ ਉਸ ਦੀ ਪਛਾਣ ਧਾਰਮਿਕ ਗਾਇਕ ਦੇ ਤੌਰ 'ਤੇ ਵੀ ਹੋਈ। ਕੈਸੇਟ ਕਲਚਰ ਨੂੰ ਅੱਗੇ ਤੋਰਦਿਆਂ ਫਿਰ 1997 ਵਿਚ ਉਸ ਦੀ ਕੈਸੇਟ 'ਹਾਏ ਤੇਰੀ ਤੋਰ' ਆਈ ਜਿਸ ਵਿਚਲਾ ਗੀਤ ਮੁੰਡੇ ਘੱਟ ਨਹੀਂ +2 ਤੋਂ ਲੈਣੇ ਡਿਮਾਂਡ ਕੀਤੀ ਕੁੜੀਆਂ ਨੇ' ਇਹ ਗੀਤ ਦੂਰਦਰਸ਼ਨ ਜਲੰਧਰ ਤੇ ਲਿਸ਼ਕਾਰਾ ਪ੍ਰੋਗਰਾਮ ਵਿਚ ਕਈ ਵਾਰ ਚਲਿਆ। ਅਵਤਾਰ ਲੰਗੜੋਏ ਵਾਲੇ ਦਾਲਿਖਿਆ ਇਹ ਗੀਤ ਤੇ ਜੱਸੀ ਦਾ ਗਾਇਆ ਪੂਰੀ ਤਰ੍ਹਾਂਚੜ੍ਹਾਈ ਤੇ ਰਿਹਾ। ਇਸ ਤੋਂ ਬਾਅਦ ਉਸ ਦੀ ਪੰਜਾਬੀ ਗਾਇਕਾਂ ਵਿਚ ਵਧੀਆ ਪਛਾਣ ਬਣ ਗਈ ਤੇ ਉਹ ਇੰਗਲੈਂਡ ਅਮਰੀਕਾ, ਤਿੰਨ ਮਹੀਨੇ ਸ਼ੋਅ ਕਰਨ ਲਈ ਗਿਆ। ਉਧਰ ਉਸ ਨੇ ਵਧੀਆ ਨਾਮ ਵੀ ਤੇ ਨਾਵਾਂ ਵੀ ਬਣਾਇਆ। ਇਸੇ ਸੰਦਰਭ ਵਿਚ ਉਸ ਨਾਲ ਕੁਝ ਜਵਾਲ ਜੁਆਬ ਹੋਏ। ਜਿਨ੍ਹਾਂ ਦੇ ਜੁਆਬ ਉਹ ਇੰਝ ਦੇ ਰਿਹਾ ਹੈ।

**ਜੱਸੀ ਜੀ ਚੰਨਿਆਣੀ ਪਿੰਡੋਂ ਉਠ ਕੇ ਜੱਸੀ ਚੰਨਿਆਣੀ ਵਾਲਾ ਦੇ ਨਾਮ ਨਾਲ ਗਾਇਕੀ ਵਿਚ ਪ੍ਰਵੇਸ਼ ਕੀਤਾ ਪਰ ਬਾਅਦ ਵਿਚ ਤਸਾਂ ਆਪਣਾ ਨਾਮ ਜੱਸੀ ਧੰਜਲ ਰੱਖ ਲਿਆ। ਕੋਈ ਖ਼ਾਸ ਕਾਰਨ ?**

ਜਨਾਬ ਜੀ ਮੇਰਾ ਆਪਣੇ ਪਿੰਡ ਨਾਲ ਬੜਾ ਮੋਹ ਰਿਹਾ ਹੈ। ਮੈਂ ਕੈਨੇਡਾ ਆ ਕੇ ਆਪਣੇ ਪਿੰਡ ਦੀ ਮਿੱਟੀ ਦੀ ਖੁਸ਼ਬੋ ਤੇ ਪੰਜਾਬੀਅਤ ਨੂੰ ਨਹੀਂ ਭੁੱਲ ਸਕਿਆ। ਅਸਲ ਵਿਚ ਚੰਨਿਆਣੀ ਵਾਲਾ ਨਾਂਅ ਲੋਕਾਂ ਦੇ ਮੂੰਹ ਨਹੀਂ ਸੀ ਚੜ੍ਹ ਰਿਹਾ ਤੇ ਕੁਝ ਸਿਆਣੇ ਦੋਸਤਾਂ ਮਿੱਤਰਾਂ ਦੀ ਰਾਏ ਨਾਲ ਆਪਣੇ ਨਾਮ ਨਾਲ ਆਪਣਾ ਗੋਤ ਧੰਜਲ ਰੱਖ ਲਿਆ ਤੇ ਹੁਣ ਮੈਨੂੰ ਇੱਧਰ ਜੱਸੀ ਧੰਜਲ ਦੇ ਨਾਮ ਨਹੀ ਹੀ ਬੁਲਾਇਆ ਜਾਂਦਾ ਹੈ। ਬਾਕੀ ਮੈਂ ਪੰਜਾਬੀ ਮਾਂ ਬੋਲੀ ਦੀ ਸੇਵਾ ਪਹਿਲਾਂ ਵੀ ਕਰਦਾ ਸੀ ਤੇ ਹੁਣ ਵੀ ਕਰ ਰਿਹਾ ਹੈ। ਆਪਣਾ ਕਰਤਵ ਪਹਿਲਾਂ ਵਾਂਗ ਹੀ ਨਿਭਾਈ ਜਾ ਰਿਹਾ ਹਾਂ।

**ਇਧਰ ਰਹਿੰਦਿਆਂ ਤੁਹਾਡਾ ਨਾਮ ਤਾਂ ਵਧੀਆ ਬਣ ਗਿਆ ਸੀ ਪਰ ਕੈਨੇਡਾ ਜਾਣ ਦਾ ਵਿਚਾਰ ਕਿਵੇਂ ਬਣ ਗਿਆ ?**

ਅਸਲ ਵਿਚ ਪੰਜਾਬ ਵਿਚ ਰਹਿੰਦਿਆਂ ਨਾਮ ਤਾਂ ਜ਼ਰੂਰ ਬਣ ਗਿਆ ਸੀ। ਬੱਸ ਇਸੇ ਕਰਕੇ ਹੀ ਕੈਨੈਡਾ ਆਇਆ ਤੇ ਇਥੇ ਆ ਕੇ ਪੂਰੀ ਤਰ੍ਹਾਂ ਖੁਸ਼ਹਾਲ ਹਾਂ। ਮੇਰਾ ਪਰਿਵਾਰ ਮੇਰੇ ਨਾਲ ਹੈ। ਪਤਨੀ ਰਣਜੀਤ ਕੌਰ ਦਾ ਮੈਨੂੰ ਪੂਰਾ ਪੂਰਾ ਸਹਿਯੋਗ ਹੈ। ਪੜ੍ਹੀ ਲਿਖੀ ਹੋਣ ਕਰਕੇ ਇਹ ਬਹੁਤ ਜ਼ਿਆਦਾ ਸਮਝਦਾ ਹੈ ਤੇ ਪਰਿਵਾਰ ਨੂੰ ਬਹੁਤ ਵਧੀਆ ਤਰੀਕੇ ਨਾਲ ਚਲਾ ਰਹੀ ਹੈ, ਕਿਉਂਕਿ ਭਾਂਅ ਜੀ ਚੰਗੀ ਪਤਨੀ ਹੀ ਘਰ ਨੂੰ ਬਣਾ ਦਿੰਦੀ ਹੈ ਤਾ ਮਾੜੀਘਰ ਨੂੰ ਉਜਾੜਨ ਵਿਚ ਦੇਰ ਨਹੀਂ ਲਗਾਉਂਦੀ। ਸੋ ਮੇਰੀ ਪਤਨੀ ਨੇ ਆਪਣੀ ਸੂਝ ਬੂਝ ਨਾਲ ਮੇਰਾ ਘਰ ਸਵਰਗਾ ਬਣਾ ਕੇ ਰੱਖਿਆ ਹੈ। ਦੋ ਮੇਰੀਆਂ ਬੇਟੀਆਂ ਹਨ। ਵੱਡੀ ਸਿਮਰਨ ਧੰਜਲ ਤੇ ਛੋਟੀ ਹਰਮਨ ਧੰਜਲ, ਮੁੰਡਾ ਸੁਖਮਨ ਧੰਜਲ ਹੈ। ਸਾਡਾ ਛੋਟਾ ਜਿਹਾ ਪਰਿਵਾਰ ਬੜੀ ਖੁਸ਼ੀ ਖੁਸ਼ੀ ਦਿਨ ਕੱਟੀ ਜਾ ਰਹੇ ਹਨ।

**ਕੈਨੇਡਾ ਆ ਕੇ ਤੁਸੀਂ ਇਧਰ ਆਪਣਾ ਗਰੁੱਪ ਵੀ ਬਣਾਇਆ ਹੈ ?**

ਜੀ ਹਾਂ ਇਧਰ ਮੇਰਾ ਆਪਣੇ ਸੰਗੀਤ ਗਰੁੱਪ ਬੜੀ ਬਾਖ਼ੂਬੀ ਚੱਲ ਰਿਹਾਹੈ, ਜਿਸ ਦਾ ਨਾਮ ਵਿਰਸਾ ਵੁਆਇਸ ਹੈ। ਮੇਰੇ ਨਾਲ ਪੱਕੇ ਤੌਰ 'ਤੇ ਸਾਥਣ ਗਾਇਕਾ ਰਚਨਾ ਮਹਿਰਾ ਹੈ ਜੋ ਵਧੀਆ ਨਿਭ ਰਹੀ ਹੈ। ਸਾਡੀਆਂ ਦੋਨੋ ਦੀਆਂ ਸਟੇਜ਼ਾਂ ਇਧਰ ਵਧੀਆ ਚੱਲ ਰਹੀਆਂ ਹਨ।

**ਪੰਜਾਜਬ ਰਹਿੰਦਿਆਂ ਗਾਇਕੀ ਦੇ ਜ਼ਰੀਏ ਤੁਹਾਨੂੰ ਕੋਈ ਮਾਣ ਸਨਮਾਨ ਵੀ ਮਿਲਿਆ ?**

ਜੀ ਹਾਂ ਵੱਡੇ ਵੱਡੇ ਮੇਲਿਆਂ ਵਿਚ ਮਾਣ ਸਨਮਾਨ ਹੋ ਚੁੱਕਿਆ ਹੈ। ਲੁਧਿਆਣੇ ਪ੍ਰੋ. ਮੋਹਨ ਸਿੰਘ ਸਿੰਘ ਮੇਲੇ ਵਿੱਚ ਵੀ ਪੂਰਾ ਸਨਮਾਨ ਹੋ ਚੁੱਕਿਆ ਹੈ। ਸ਼ੌਂਕੀ ਮੇਲੇ ਵਿੱਚ ਵੀ ਮੈਂ ਸਨਮਾਨਤ ਹੋ ਚੁੱਕਾ ਹਾਂ। ਗੱਲ ਕੀ ਪੰਜਾਬ ਹਰ ਮੇਲੇ ਵਿੱਚ ਮੈਂ ਗਾਇਆ ਹੈ ਅਤੇ ਸਨਮਾਨ ਹਾਸਲ ਕੀਤਾ ਹੈ।

**ਕੈਨੇਡਾ ਰਹਿੰਦਿਆਂ ਕੋਈ ਧਮਾਕਾ ਨਹੀਂ ਕੀਤਾ ?**

ਹਾਂ ਜੀ, ਬੜੀ ਜਲਦੀ ਹੀ ਗਾਇਕੀ ਦੇ ਖੇਤਰ ਵਿੱਚ ਇਕ ਧਮਾਕਾ ਕਰਨ ਵਾਲਾ ਹਾਂ।

**ਇਸ ਧਮਾਕੇ ਬਾਰੇ ਜਰਾ ਖੁੱਲ੍ਹ ਕੇ ਦੱਸੋ ?**

• ਬੰਦਨਾ ਸਾਹਿਬ ਮੈਂ ਅੱਠ ਗੀਤਾਂ ਦੀ ਪੂਰੀ ਤਰ੍ਹਾਂ ਕੈਸੇਟ ਸੰਗੀਤ ਪ੍ਰੇਮੀਆਂ ਦੀ ਕਚਹਿਰੀ ਵਿੱਚ ਪੇਸ਼ ਕਰ ਰਿਹਾ ਹਾਂ, ਜਿਸ ਵਿੱਚ ਪੰਜਾਬ ਦੀ ਹਰ ਗਾਇਕਾ ਨਾਲ ਮੇਰਾ ਡਿਊਟ ਹੈ। ਜਿਸ ਤਰ੍ਹਾਂ ਮਿਸ ਪੂਜਾ, ਰਾਣੀ ਰਣਦੀਪ, ਸੁਦੇਸ਼ ਕੁਮਾਰੀ, ਪਰਵੀਨ ਭਾਰਟਾ, ਹਰਲੀਨ ਅਖਤਰ, ਗੁਰਲੇਜ ਅਖਤਰ, ਜਲੰਧਰੋਂ ਹੀ ਇਕ ਹੋਰ ਨੈਨਸੀ ਗਰੇਵਾਲ ਨਾਲ ਵੀ ਮੇਰਾ ਇਕ ਗੀਤ ਹੈ ਅਤੇ ਪਾਕਿਸਤਾਨ ਦੀ ਬੜੀ ਪ੍ਰਸਿੱਧ ਗਾਇਕ ਨਸੀਬੋ ਨਾਲ ਵੀ ਮੈਂ ਇਕ ਡਿਊਟ ਗਾਇਆ ਹੈ।

**ਇਸ ਕੈਸੇਟ ਵਿੱਚ ਤੁਸੀਂ ਵੱਖਰਾ ਕੀ ਕਰਨ ਦੀ ਕੋਸ਼ਿਸ਼ ਕੀਤੀ ਹੈ ?**

ਮੈਂ, ਇਸ ਕੈਸੇਟ ਵਿੱਚ ਜੋ ਡਿਊਟ ਗੀਤ ਗਾਏ ਸਾਰੇ ਦੇ ਸਾਰੇ ਘਰ ਬੈਠ ਕੇ ਸੁਨਣ ਵਾਲੇ ਗੀਤ ਹਨ। ਸਾਰੇ ਹੀ ਸੱਭਿਅਕ ਗੀਤ ਹਨ। ਸਸਤੀ ਸ਼ਬਦਾਵਲੀ ਦੇ ਗੀਤ ਹਨ। ਇਹ ਕੈਸੇਟ ਪ੍ਰਸਿੱਧ ਸੰਗੀਤਕਾਰ ਹਰਜੇਸ ਸੂਦ ਦੇ ਸੰਗੀਤ ਨਾਲ ਸ਼ਿੰਗਾਰੀ ਹੈ। ਮੈਂ ਇਸ ਕੈਸੇਟ ਵਿੱਚ ਜਾਤ ਦੀ ਗੱਲ ਨਹੀਂ ਕੀਤੀ। ਪੰਜਾਬ ਦੀ ਕਿਰਤੀ ਦੀ ਗੱਲ ਕੀਤੀ ਹੈ। ਜਿਸ ਤਰ੍ਹਾਂ ਪੰਜਾਬ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵਗ ਰਿਹਾ ਹੈ, ਸਾਡੀ ਨੌਜਵਾਨ ਪੀੜ੍ਹੀ ਨਸ਼ਿਆਂ ਵਿਚ ਗਰਕ ਹੁੰਦੀ ਜਾ ਰਹੀ ਹੈ। ਉਨ੍ਹਾਂ ਨੂੰ ਸੇਧ ਦੇਣ ਵਾਲੇ ਗੀਤ ਹਨ। ਵੱਡੀ ਗੱਲ ਇਹ ਹੈ ਕਿ ਮੇਰੇ ਨਾਲ ਜਿੰਨੀਆਂ ਵੀ ਕੁੜੀਆਂ ਨੇ ਗਾਇਆ ਹੈ ਮੇਰੇ ਕੋਲ ਬੈਠ ਕੇ ਤਰਜਾਂ ਬਣਾਈਆਂ ਹਨ ਨਹੀਂ ਤਾਂ ਬਹੁਤੀਆਂ ਗਾਇਕਾਵਾਂ ਆਪਣਾ ਗੀਤ ਰਿਕਾਰਡ ਕਰ ਆਉਂਦੀਆਂ ਹਨ ਅਤੇ ਗਾਇਕ ਨੂੰ ਉਨ੍ਹਾਂ ਨੇ ਕਦੇ ਵੇਖਿਆ ਨਹੀਂ ਹੁੰਦਾ। ਮੈਂ ਪਾਕਿਸਤਾਨ ਦੀ ਗਾਇਕਾ ਨਸੀਬੋ ਨਾਲ ਜੋ ਗੀਤ ਗਾਇਆ ਹੈ ਉਸ ਦੇ ਬੋਲ ਹਨ ਜੋ ਨਸੀਬੋ ਗਾਉਂਦੀ ਹੈ "ਪੈਂਦਾ ਏ ਫਰਾਟਾ ਨੀਲੇ ਫੋਰਡ ਦਾ , ਅੱਲ੍ਹੜ ਕੁਆਰੀਆਂ ਦੇ ਦਿਲ ਡੰਗਦਾ" ਮੇਰੇ ਵੱਲੋਂ ਬੋਲ ਹਨ "ਮਿੱਤਰਾਂ ਦੇ ਸੀਨੇ ਤਾਂਈ ਠਾਰਦੀ, ਤੇਰੀ ਚਰਖੇ ਦੀ ਮਿੱਠੀ-ਮਿੱਠੀ ਘੂਕ ਨੀਂ" ਮੈਂ ਹਰ ਗੀਤ ਰਾਹੀਂ ਚੰਗਾ ਮੈਸਜ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਗੀਤਾਂ ਦੇ ਸਾਰੇ ਵੀਡੀਓ ਵੀ ਵਧੀਆ ਬਣੇ ਹਨ। ਉਨ੍ਹਾਂ ਵਿੱਚ ਕੋਈ ਵੀ ਅਸ਼ਲੀਲ ਦ੍ਰਿਸ਼ ਨਹੀਂ ਹੈ। ਮੈਂ ਇਥੇ ਇਹ ਵੀ ਦੱਸ ਦਿਆਂ ਕਿ ਕਈ ਵਾਰ ਕਲਾਕਾਰ ਆਖ ਦਿੰਦਾ ਹੈ ਕਿ ਅਸ਼ਲੀਲ ਵੀਡੀਓ ਮੇਰੀ ਮਰਜੀ ਤੋਂ ਬਿਨਾਂ ਹੀ ਤਿਆਰ ਕੀਤਾ ਗਿਆ ਜਾਂ ਇਹ ਗੀਤ ਦੀ ਮੰਗ ਸੀ। ਭਾਅ ਜੀ ਇਹ ਗੱਲ ਬਿਲਕੁਲ ਗਲਤ ਹੈ ਗਾਇਕ ਦੀਆਂ ਅੱਖਾਂ ਸਾਹਮਣੇ ਹੁੰਦਾ ਹੈ ਤੇ ਗਾਇਕ ਦੀ ਮਰਜੀ ਨਾਲ ਹੀ ਹੁੰਦਾ ਹੈ ਕੁਝ ਵੀ ਨਿਰਦੇਸ਼ਕ ਆਪਣੀ ਮਰਜੀ ਨਾਲ ਨਹੀਂ ਕਰਦਾ।

**ਇਸ ਦੇ ਨਾਲ ਨਾਲ ਹੋਰ ਵੀ ਕੁਝ ਨਵਾਂ ਕਰਨ ਦੀ ਚਾਹ ਹੈ ?**

ਹਾਂ ਜੀ, ਤਮੰਨਾ ਤਾਂ ਕਦੇ ਪੂਰੀ ਨਹੀਂ ਹੁੰਦੀ। ਮੈਂ ਇਸ ਦੇ ਨਾਲ ਹੀ ਰੁਪਿੰਦਰ ਗੁਰੂ ਦੇ ਸੰਗੀਤ ਨਾਲ ਤਿਆਰ ਕੀਤੀ ਤਰਕਸ਼ੀਲਾਂ ਬਾਰੇ ਕੈਸੇਟ ਕੱਖ ਰਿਹਾ ਹਾਂ। ਜਿਸ ਵਿੱਚ ਸੰਤ ਉਦਾਸੀ ਰਾਮ ਜੀ, ਨੰਦ ਲਾਲ ਨੂਰਪੁਰੀ ਜੀ ਵਰਗੇ ਗੀਤਕਾਰਾਂ ਦੇ ਗੀਤ ਹਨ। ਇਸ ਨਾਲ ਮੇਰੀ ਕੋਸ਼ਿਸ਼ ਹੈ ਕਿ ਭੁੱਲੀ ਭਟਕੀ ਮਾਨਵਤਾ ਨੂੰ ਸਿੱਧੇ ਰਾਹੇ ਪਾਉਣ ਦਾ ਯਤਨ ਕੀਤਾ ਜਾਵੇ। ਮੈਂ ਵਧੀਆ ਮੈਸੇਜ ਹੀ ਦੇਣਾ ਚਾਹੁੰਦਾ ਹਾਂ। ਇਸੇ ਤਰ੍ਹਾਂ ਮੇਰੀ ਡਿਊਟ ਕੈਸੇਟ ਵਿੱਚ ਵੀ ਮੈਂ ਹਰਲੀਨ ਅਖਤਰ ਤੋਂ ਛੱਜਾਂ ਬਾਰੇ ਗੀਤ ਗਵਾਇਆ ਹੈ ਜੋ ਭਜਨ ਬਕਾਪੁਰੀਆ ਦਾ 20-25 ਸਾਲ ਪੁਰਾਣਾ ਲਿਖਿਆ ਗੀਤ ਹੈ।

**ਹੋਰ ਕਿਹੜੇ ਕਿਹੜੇ ਗੀਤਕਾਰਾਂ ਦੇ ਗੀਤ ਗਾਉਂਦੇ ਹੋ ?**

ਮੈਂ, ਹਰ ਗੀਤਕਾਰ ਜਿਸ ਦਾ ਗੀਤ ਵਧੀਆ ਹੋਵੇ ਉਸ ਦਾ ਗੀਤ ਗਾਉਂਦਾ ਹਾਂ। ਹੁਣ ਤੱਕ ਮੈਂ ਪੰਮਾ ਖੁਸ਼ਦਿਲ, ਬਰਾੜ ਕੈਨੇਡਾ, ਸਾਹਿਬ ਮਾਣਕਪੁਰ, ਜਿੰਦ ਸਵਾੜਾ, ਮਾਸਟਰ ਬਖਸ਼ੀਸ਼, ਸੈਹਬੀ ਰਾਹੋਂ ਆਦਿ ਗਾਇਕਾਂ ਦੇ ਗੀਤ ਗਾਉਂਦਾ ਹਾਂ।

**ਹੋਰ ਕੁਝ ਕਹਿਣਾ ਹੈ ?**

ਬੱਸ ਜੀ ਸਰੋਤੇ ਵਧੀਆ ਸੁਨਣ ਤੇ ਗਾਇਕਾਂ ਨੂੰ ਵੀ ਚਾਹੀਦਾ ਹੈ ਕਿ ਚੰਗਾ ਹੀ ਗਉਣ ਜਿਸ ਨਾਲ ਲੋਕਾਂ ਨੂੰ ਵਧੀਆ ਸੇਧ ਮਿਲ ਸਕੇ। ਉਸ ਦਾ ਸੰਪਰਕ ਨੰਬਰ ਹੈ : 011-647-290-2549



